ਪੰਜਾਬ ਰਾਜ ਬਿਜਲੀ ਬੋਰਡ
(ਦਫਤਰ: ਮੁੱਖ ਲੇਖਾ ਅਫਸਰ/ਪੈਨਸ਼ਨ ਆਡਿਟ ਭਾਗ)

ਵੱਲ

1. ਸਮੂਹ ਨਿਗਰਾਨ ਇੰਜੀਨੀਅਰ।
2. ਸਮੂਹ ਕਾਰਜਕਾਰੀ ਇੰਜੀਨੀਅਰ/ਡੀ.ਡੀ.ਓ ਅਤੇ ਸੀਨੀ:ਲੇਖਾ ਅਫਸਰ/ਲੇਖਾ ਅਫਸਰ/ਪ੍ਰੋਜੈਕਟਸ/ਪ੍ਰੀ-ਆਡਿਟ।
3. ਵਿਤ ਸਲਾਹਕਾਰ ਤੇ ਮੁੱਖ ਲੇਖਾ ਅਫਸਰ/ਗੁ:ਗੋ:ਸਿੰ:ਸੁ:ਥ:ਪ: ਰੋਪੜ, ਗੁ:ਨ:ਦੇ:ਥ:ਪ:, ਬਠਿੰਡਾ ਅਤੇ ਲਹਿਰਾ ਮੁਹਬੱਤ।

ਮੀਮੋ ਨੰਬਰ 6529/6828/DCAO PF
ਮਿਤੀ: 09-11-2009

ਵਿਸ਼ਾ:- ਮਿਤੀ 1.1.06 ਤੋਂ ਪੈਨਸ਼ਨਾਂ ਸੋਧਣ ਸਬੰਧੀ।

ਬੋਰਡ ਦੇ ਵਿੱਤ ਸਰਕੂਲਰ ਨੰਬਰ 18/09 ਅਨੁਸਾਰ ਮਿਤੀ 1.1.06 ਤੋਂ ਪੈਨਸ਼ਨਾ ਸੋਧਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਪੈਨਸ਼ਨਾਂ ਸੋਧਣ ਸਬੰਧੀ ਕੰਮ ਹੇਠ ਲਿਖੇ ਅਨੁਸਾਰ ਕੀਤਾ ਜਾਣਾ ਹੈ:-

ੳ) **ਮਿਤੀ 1-1-06 ਤੋਂ ਪਹਿਲਾ ਭਾਵ ਮਿਤੀ 31.12.05 ਤੱਕ ਰਿਟਾਇਰ/ਮ੍ਰਿਤਕ ਹੋਏ ਬੋਰਡ ਕਰਮਚਾਰੀਆਂ ਦੀਆਂ ਪੈਨਸ਼ਨਾਂ ਸੋਧਣ ਸਬੰਧੀ।**

ਪੈਨਸ਼ਨ/ਪਰੀਵਾਰਿਕ ਪੈਨਸ਼ਨ ਸਬੰਧਤ ਦਫਤਰ ਜਿਥੋਂ ਪੈਨਸ਼ਨਰ/ਪਰਿਵਾਰਕਿ ਪੈਨਸ਼ਨਰ ਪੈਨਸ਼ਨ ਪ੍ਰਾਪਤ ਕਰ ਰਿਹਾ ਹੈ, ਵਲੋਂ ਸੋਧੀ ਜਾਵੇਗੀ। ਇਸ ਕੰਮ ਲਈ ਸਰਕੂਲਰ ਦੇ ਪੈਰਾ ਨੰ: 4.2 ਅਨੁਸਾਰ ਜੇ ਕਿਸੇ ਕਰਮਚਾਰੀ/ਅਧਿਕਾਰੀ (ਰਿਟਾਇਰੀ) ਦੇ ਸਕੇਲ ਅਤੇ ਕੁਆਲੀਫਾਇੰਗ ਸੇਵਾ ਦੀ ਲੋੜ ਹੈ ਤਾਂ ਹੇਠ ਲਿਖੇ ਪ੍ਰਫਰਮੇ ਵਿਚ ਇਸ ਦਫਤਰ ਵਲੋਂ ਵੈਰੀਫਾਈ ਕਰਵਾ ਲਈ ਜਾਵੇ ਜਾਂ ਸੇਵਾ ਪੱਤਰੀ/ਸੇਵਾ ਰਿਕਾਰਡ ਮੰਗਵਾ ਲਿਆ ਜਾਵੇ:-

| ਪੈਨਸ਼ਨ ਫਾਈਲ ਨੰ: | ਰਿਟਾਇਰੀ ਦਾ ਨਾਂ | ਰਿਟਾਇਰਮੈਂਟ ਸਮੇਂ ਅਹੁਦਾ | ਰਿਟਾਇਰਮੈਂਟ ਦੀ ਮਿਤੀ | ਪੁਰਾਣਾ ਸਕੇਲ | ਨਵਾਂ ਸਕੇਲ | ਪੈਨਸ਼ਨ ਲਈ ਗਿਣਨਯੋਗ ਸੇਵਾ |
|---|---|---|---|---|---|---|

ਅ) **ਮਿਤੀ 1-1-06 ਤੋਂ ਬਾਅਦ ਰਿਟਾਇਰ/ਮ੍ਰਿਤਕ ਹੋਏ ਕਰਮਚਾਰੀਆਂ ਦੀਆਂ ਪੈਨਸ਼ਨਾਂ ਸੋਧਣ ਸਬੰਧੀ।**

ਸਬੰਧਤ ਦਫਤਰ ਇਸ ਦਫਤਰ ਤੋਂ ਪੈਨਸ਼ਨ ਫਾਈਲ ਨੰਬਰ ਅਤੇ ਰਿਟਾਇਰੀ/ਮ੍ਰਿਤਕ ਦਾ ਨਾਂ, ਅਹੁਦਾ ਅਤੇ ਰਿਟਾਇਰਮੈਂਟ/ਮੌਤ ਦੀ ਮਿਤੀ ਸੂਚਿਤ ਕਰਕੇ ਆਪਣੇ ਪੱਧਰ ਤੇ ਸੇਵਾ ਪੱਤਰੀਆਂ/ਸੇਵਾ ਰਿਕਾਰਡ ਪ੍ਰਾਪਤ ਕਰਨ ਅਤੇ ਤਨਖਾਹ ਸੋਧਣ ਉਪਰੰਤ ਰਿਵਾਈਜ਼ ਐਲ.ਪੀ.ਸੀ. ਇਸ ਦਫਤਰ ਨੂੰ ਨਵਾਂ ਸਕੇਲ, ਪਿਛਲੇ 10 ਮਹੀਨਿਆਂ ਦੀ ਤਨਖਾਹ ਆਦਿ ਦੱਸ ਕੇ ਦੁਬਾਰਾ ਪੈਨਸ਼ਨ ਸੋਧਣ ਲਈ ਕੇਸ ਭੇਜਣ।

ਇਸ ਦਫਤਰ ਨੂੰ ਪੈਨਸ਼ਨ ਰਿਵਾਈਜ਼ ਕਰਨ ਹਿੱਤ ਕੇਸ ਭੇਜਣ ਤੋਂ ਪਹਿਲਾਂ ਨਵੇਂ ਸਕੇਲਾਂ ਵਿਚ ਸੋਧੀ ਤਨਖਾਹ ਸਬੰਧਤ ਲੇਖਾ ਅਫਸਰ/ਖੇਤਰ/ਚੈਕਿੰਗ ਪਾਰਟੀ/ਪ੍ਰੀਆਡਿਟ ਦਫਤਰ (ਪ੍ਰੋਜੈਕਟ ਅਤੇ ਥਰਮਲ) ਤੋਂ ਚੈਕ ਕਰਵਾਉਣ ਉਪਰੰਤ ਹੀ ਭੇਜੀਆਂ ਜਾਣ ਅਤੇ ਸੇਵਾ ਪੱਤਰੀ ਦਾ ਪੰਨਾਂ ਜਿਥੋਂ ਨਵੀਂ ਤਨਖਾਹ ਫਿਕਸ ਹੋਈ ਹੈ ਅਤੇ ਲੇਖਾ ਅਫਸਰ ਦੁਆਰਾ ਚੈੱਕ ਕੀਤੀ ਗਈ ਦੀ ਤਸਦੀਕ ਸੁਦਾ ਫੋਟੋ ਕਾਪੀ ਭੇਜੀ ਜਾਵੇ।

ਸੇਵਾ ਪੱਤਰੀ/ਸੇਵਾ ਰਿਕਾਰਡ ਇਸ ਦਫਤਰ ਨੂੰ ਦੁਬਾਰਾ ਭੇਜਣ ਦੀ ਲੋੜ ਨਹੀਂ ਹੈ।

ਨਵੇਂ ਪੈਨਸ਼ਨ ਕੇਸ ਜਿਹੜੇ ਪਹਿਲੀ ਵਾਰ ਇਸ ਦਫਤਰ ਨੂੰ ਭੇਜੇ ਜਾਣੇ ਹਨ, ਇਸ ਦਫਤਰ ਦੇ ਮੀਮੋ ਨੰਬਰ 5669/6468 ਮਿਤੀ 3.11.09 ਵਿਚ ਦਸੀਆਂ ਹਦਾਇਤਾਂ ਅਨੁਸਾਰ ਹੀ ਭੇਜੇ ਜਾਣ ਜੀ।

ਉਪ ਮੁੱਖ ਲੇਖਾ ਅਫਸਰ/ਪੀ ਤੇ ਐਫ,
ਵਾ: ਮੁੱਖ ਲੇਖਾ ਅਫਸਰ, ਪੰ:ਰਾ:ਬਿ:ਬੋ:,
ਪਟਿਆਲਾ।